# ਜਾਨਵਰਾਂ ਅਤੇ ਮਨੁੱਖਾਂ ਦੇ ਵੱਢੇ ਚੱਕ



Animal and Human Bites

ਜਾਨਵਰਾਂ ਅਤੇ ਵਿਅਕਤੀਆਂ ਦੇ ਵੱਢੇ ਚੱਕਾਂ ਨਾਲ ਇੰਨਫੈਕਸ਼ਨ ਹੋ ਸਕਦੀ ਹੈ। ਮਨੁੱਖ ਦੇ ਮੂੰਹ ਵਿਚ ਬੈਕਟੀਰੀਆ ਦੀ ਮਾਤਰਾ ਹੋਣ ਕਾਰਣ, ਜਾਨਵਰਾਂ ਦੇ ਵੱਢੇ ਚੱਕਾਂ ਨਾਲੋਂ ਵਿਅਕਤੀਆਂ ਦੇ ਚੱਕਾਂ ਨੂੰ ਇੰਨਫੈਕਸ਼ਨ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਹੱਥਾਂ ਤੇ ਵੱਢੇ ਗਏ ਮਨੁੱਖ ਦੇ ਚੱਕਾਂ ਨੂੰ ਇੰਨਫੈਕਸ਼ਨ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ। ਮਨੁੱਖਾਂ ਦੇ ਵੱਢੇ ਚੱਕ ਹੈਪਾਟਾਇਟਸ ਵਰਗੀ ਬੀਮਾਰੀ ਵੀ ਲਗਾ ਸਕਦੇ ਹਨ।

ਜਾਨਵਰਾਂ ਦੇ ਵੱਢੇ ਚੱਕਾਂ ਨਾਲ ਖੂਨ ਵਗਣ, ਮਿੱਧੇ ਜਾਣ ਦੀਆਂ ਸੱਟਾਂ ਅਤੇ ਨਿਸ਼ਾਨ ਪੈਣ ਦੀਆਂ ਮੁਸ਼ਕਿਲਾਂ ਦੇ ਵੀ ਸਰੋਕਾਰ ਹੁੰਦੇ ਹਨ। ਜਾਨਵਰਾਂ ਦੇ ਵੱਢੇ ਚੱਕਾਂ ਕਾਰਣ ਅਕਸਰ ਫਟੀ ਚਮੜੀ ਵਿਚ ਇੰਨਫੈਕਸ਼ਨ ਹੋ ਸਕਦੀ ਹੈ। ਕੁੱਤੇ ਦੇ ਵੱਢੇ ਚੱਕਾਂ ਦੇ ਮੁਕਾਬਲੇ ਬਿੱਲੀ ਦੇ ਚੱਕ ਜ਼ਿਆਦਾ ਛੂਤ ਵਾਲੇ ਹੁੰਦੇ ਹਨ। ਘਰਾਂ ਤੋਂ ਬਾਹਰ ਰਹਿਣ ਵਾਲੇ ਜਾਨਵਰ, ਜਿੰਨਾਂ ਨੂੰ ਉਹਨਾਂ ਦੇ ਟੀਕੇ ਨਾ ਲਗੇ ਹੋਣ ਜਾਂ ਜੰਗਲੀ ਜਾਨਵਰ ਜਿਵੇਂ ਕਿ ਚਾਮ-ਚੜਿੱਕਾਂ ਅਤੇ ਅਮਰੀਕੀ ਰਿੱਛਾਂ (ਰੈਕੂਨ) ਤੋਂ ਵਧੇਰੇ ਫਿਕਰ ਹੁੰਦਾ ਹੈ ਕਿਉਂ ਕਿ ਉਹਨਾਂ ਰਾਹੀਂ ਰੈਬੀਜ਼ ਬੀਮਾਰੀ ਲਗ ਸਕਦੀ ਹੈ।



## ਘਰ ਵਿਖੇ ਧਿਆਨ
Care at home

- ਜ਼ਖ਼ਮ ਨੂੰ ਸਾਫ ਰੱਖੋ, ਇਸ ਨੂੰ ਸਾਬੁਨ ਅਤੇ ਤੇਜ਼ ਵਗਦੇ ਪਾਣੀ ਨਾਲ ਧੋਵੋ
- ਜਦੋਂ ਪੱਟੀ ਗਿੱਲੀ ਜਾਂ ਗੰਦੀ ਹੋਵੇ ਤਾਂ ਇਸ ਨੂੰ ਬਦਲੋ ਜਾਂ ਦਿਨ ਵਿਚ ਘੱਟੋ-ਘੱਟ ਇਕ ਵਾਰੀ ਜ਼ਰੂਰ ਬਦਲ ਲਉ
- ਡਾਕਟਰ ਵਲੋਂ ਦੱਸੀਆਂ ਗਈਆਂ ਦਵਾਈਆਂ ਲਉ
- ਟਾਂਕਿਆਂ ਦੀ ਲੋੜ ਹੋ ਸਕਦੀ ਜਾਂ ਨਹੀਂ ਵੀ ਹੋ ਸਕਦੀ ਹੈ। ਕਦੀ-ਕਦੀ ਡਾਕਟਰ ਇੰਨਫੈਕਸ਼ਨ ਚੈਕ ਕਰਨ ਲਈ ਜ਼ਖ਼ਮ ਨੂੰ ਖੁੱਲਾ ਰਹਿਣ ਦਿੰਦੇ ਹਨ
- ਜੇਕਰ ਲੋੜ ਹੋਈ ਤਾਂ ਟੈਟਨਸ ਦਾ ਟੀਕਾ ਲਗਾਇਆ ਜਾਵੇਗਾ
- ਐਂਟੀ-ਰੈਬੀਜ਼ ਇਲਾਜ ਕੀਤਾ ਜਾ ਸਕਦਾ ਹੈ, ਜਾਨਵਰਾਂ ਦੇ ਉਨਾਂ ਵੱਢੇ ਚੱਕਾਂ ਲਈ ਜੋ ਰੈਬੀਜ਼ ਲਈ ਖ਼ਤਰਾ ਮੰਨੇ ਜਾਂਦੇ ਹਨ
- ਦਰਦ ਜਾਂ ਬੇਆਰਾਮੀ ਨੂੰ ਦੂਰ ਕਰਨ ਲਈ ਬਿਨਾਂ ਪਰਚੀ ਤੋਂ ਮਿਲਣ ਵਾਲੀਆਂ ਦਵਾਈਆਂ ਜਿਵੇਂ ਕਿ ਅਸਿਟਾਮਿਨੋਫਿਨ (ਟਾਇਲਾਨੋਲ) ਜਾਂ ਇਬੋਪਰੋਫਿਨ (ਏਡਵਿਲ ਜਾਂ ਮੋਟਰਿਨ) ਲਈ ਜਾ ਸਕਦੀ ਹੈ





## ਜੇਕਰ ਅਜਿਹਾ ਹੋਵੇ ਤਾਂ ਡਾਕਟਰ ਨੂੰ ਮਿਲੋ:
See a doctor if:

- ਤੁਹਾਨੂੰ ਸੋਜ ਹੋ ਜਾਵੇ
- ਲਾਲੀ ਹੋਵੇ
- ਦਰਦ ਨਾ ਜਾਵੇ ਜਾਂ ਗੰਭੀਰ ਹੋ ਜਾਵੇ
- ਚੱਕ ਵੱਢੇ ਥਾਂ ਤੋਂ ਪੀਲਾ ਜਾਂ ਹਰੇ ਰੰਗ ਦਾ ਪਦਾਰਥ ਨਿਕਲੇ
- ਬੁਖ਼ਾਰ ਹੋਵੇ
- ਜ਼ਖ਼ਮ ਵਿਚੋਂ ਭੈੜੀ ਬਦਬੂ ਆਵੇ
- ਤੁਹਾਡੇ ਜ਼ਖ਼ਮ ਦੇ ਨੇੜੇ ਦੀ ਜਗ੍ਹਾ ਸੁੰਨ ਹੋਵੇ



## ਹੋਰ ਹਿਦਾਇਤਾਂ:
Additional instructions:


Information is not intended to provide healthcare advice or to be a substitute for consulting with a physician

fraserhealth Better health. Best in health care.

# ਜਾਨਵਰਾਂ ਅਤੇ ਮਨੁੱਖਾਂ ਦੇ ਵੱਢੇ ਚੱਕ

Animal and Human Bites

If you have more questions phone the BC Nurse line:
Toll-free in BC 1-866-215-4700
Greater Vancouver 604-215-4700
Hearing impaired 1-866-889-4700


Reference:
Providence Health care, Animal and Human bites, 2000
Mosby, Animal bite, 2000
About Kids Health, Animal or Human bites, 2004





Information is not intended to provide healthcare advice or to be a substitute for consulting with a physician